# ✳ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ✳

ਨਿਹਕਲੰਕ ਨਰਾਇਣ ਨਰ



ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ

ਹਰਿ ਪੁਰਖ ਅਗੰਮ ਅਗਮੜਾ, ਅਗਮੜੀ ਕਾਰ । ਹੱਡ ਮਾਸ ਨਾੜੀ ਨਾ ਕੋਈ ਪਿੰਜਰ ਨਾ ਕੋਈ ਚਮੜਾ, ਜੋਤੀ ਨੂਰ ਇਕ ਅਕਾਰ । ਮਾਲ ਧਨ ਧਨ ਮਾਲ ਨਾ ਕੋਈ ਪੱਲੇ ਦਮੜਾ, ਸ਼ਬਦ ਵਸਤ ਇਕ ਅਪਰ ਅਪਾਰ । ਗੁਰਮੁਖਾਂ ਭਾਰੀ ਕਰੇ ਕਰਾਏ ਪਲੜਾ, ਸਿਰ ਰੱਖ ਹੱਥ ਸਮਰਥ ਕਰਤਾਰ । ਲੋਕਮਾਤ ਦਰ ਦਵਾਰੇ ਅੱਗੇ ਖਲੜਾ, ਬੀਸ ਇਕੀਸਾ ਹਰਿ ਜਗਦੀਸਾ ਚੌਵੀਆਂ ਅਵਤਾਰ । ਏਕਾ ਘਰ ਸਾਚਾ ਸਰ ਪੁਰਖ ਅਬਿਨਾਸ਼ੀ ਮਲੜਾ, ਨਿਹਕਲੰਕ ਨਰਾਇਣ ਨਰ ਚਿੱਟੇ ਅਸਵ ਸ਼ਬਦ ਘੋੜੇ ਹੋ ਅਸਵਾਰ । ਸ਼ਬਦ ਘੋੜਾ ਹਰਿ ਦਾਤਾਰ । ਜੁੜਿਆ ਜੋੜਾ ਜੋਤੀ ਨਿਰੰਕਾਰ । ਲੋਕਮਾਤ ਆਏ ਦੌੜਾ, ਵੇਖ ਵਖਾਏ ਮਿੱਠਾ ਕੌੜਾ, ਰਾਜ ਰਾਜਾਨ ਸ਼ਾਹ ਸੁਲਤਾਨ ਸਚ ਦਰਬਾਰ । ਪਵਣ ਸਵਾਸੀ ਘਨਕਪੁਰ ਵਾਸੀ ਸ਼ਾਹੋ ਸ਼ਾਬਾਸ਼ੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਹਰਿ ਸੱਚੀ ਸਰਕਾਰ । ਨਰ ਹਰਿ ਨਰਾਇਣ ਨਰ ਨਿਰੰਕਾਰਿਆ । ਭਗਤ ਭਗਵੰਤ ਸਾਧ ਸੰਤ ਆਦਿ ਅੰਤ ਜੁਗਾ ਜੁਗੰਤ ਬਣਾਏ ਬਣਤ ਵਿਚ ਸੰਸਾਰਿਆ । ਮਿਲੇ ਮੇਲ ਪ੍ਰਭ ਸਾਚੇ ਕੰਤ, ਦੇਵੇ ਦਰਸ ਅਗੰਮ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਹਰਿ ਸੰਤ ਸੁਹੇਲੇ ਇਕ ਅਕੇਲੇ ਸ਼ਬਦ ਡੋਰੀ ਨਾਲ ਬੰਧਾ ਰਿਹਾ । ਸ਼ਬਦ ਡੋਰੀ ਬੰਨ ਕਰਤਾਰ । ਲੋਕਮਾਤ ਕਰੇ ਚੋਰੀ, ਕਲਜੁਗ ਰੈਣ ਅੰਧੇਰ ਘੋਰੀ, ਗੁਰਮੁਖਾਂ ਕਰੇ ਖ਼ਬਰਦਾਰ । ਆਪ ਆਪਣੇ ਸੰਗ ਜਾਏ ਤੋਰੀ, ਸ਼ਬਦ ਚਾੜ੍ਹੇ ਸਾਚੀ ਘੋੜੀ, ਪੂਰਬ ਕਰਮ ਰਿਹਾ ਵਿਚਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ, ਪਹਿਲੀ ਚੇਤ ਭਾਗ ਲਗਾਏ ਮੰਦਰ ਅੰਦਰ ਕਾਇਆ ਖੇਤ ਸੱਚਾ ਬੇੜਾ ਕਰ ਤਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਫੰਦ ਕਟਾਏ, ਅੰਤਮ ਜੋਤੀ ਮੇਲ ਮਿਲਾਏ, ਮਾਨਸ ਜਨਮ ਨਾ ਆਏ ਹਾਰ । ਪਹਿਲੀ ਚੇਤ ਚੇਤਨ ਚਿਤ । ਗੁਰ ਸੰਗਤ ਮੇਲ ਮਿਲਾਏ, ਪੁਰਖ ਅਬਿਨਾਸ਼ੀ ਸਾਚਾ ਮਿਤ । ਸੋਹੰ ਸ਼ਬਦ ਤੇਲ ਚੜ੍ਹਾਏ, ਚੌਥੇ ਜੁਗ ਵੇਖ ਵਖਾਏ ਸਾਚੀ ਥਿਤ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਦੇਵੇ ਇਕ ਵਰ, ਆਦਿ ਅੰਤ ਨਿਤ ਨਵਿਤ । ਨਿਤ ਨਵਿਤ ਚਾਲ ਨਿਰਾਲੀ । ਗੁਰਮੁਖ ਸਾਚੇ ਸੰਤ ਜਨਾਂ ਮਾਨਸ ਦੇਹੀ ਲਈ ਜਿਤ, ਮਿਲਿਆ ਨਰ ਹਰਿ ਸੱਚਾ ਪ੍ਰਿਤਪਾਲੀ । ਆਪੇ ਮਾਤ ਆਪੇ ਪਿਤ, ਦਿਵਸ ਰੈਣ ਮਧਰਾ ਬੈਣਾ, ਕਵਲ ਨੈਣਾਂ ਘਰ ਸਾਚੇ ਬਹਿਣਾ, ਕਰੇ ਸਦਾ ਰਖਵਾਰ ਸੱਚਾ ਮਾਲੀ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਸਾਚਾ ਸਾਕ ਸੱਜਣ ਸੈਣਾ । ਭਾਈ ਭੈਣਾਂ ਖੋਲ੍ਹੇ ਬੰਦ ਕਵਾੜੀ ਸਤਾਰਾਂ ਹਾੜੀ ਦਰਸ ਦਿਖਾਏ ਤੀਜੇ ਨੈਣਾਂ, ਪਹਿਲੀ ਚੇਤ ਕਰ ਤਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੇ ਤੇਰੀ ਮਾਤ ਉਪਜਾਏ ਗੁਰ ਸੰਗਤ ਸੱਚੀ ਫੁਲਵਾੜੀ । ਗੁਰ ਸੰਗਤ ਸਾਚਾ ਫੁੱਲ ਗਿਆ ਫੁਲ । ਪ੍ਰਭ ਆਪ ਚੁਕਾਏ ਅਗਲਾ ਪਿਛਲਾ ਮੂਲ, ਭਾਗ ਲਗਾਏ ਸਾਚੀ ਕੁਲ । ਏਕਾ ਓਟ ਰਖਾਏ ਕੰਤ ਕੰਤੂਹਲ, ਪੂਰੇ ਤੋਲ ਗਈ ਤੁਲ । ਸੋਹੰ ਸ਼ਬਦ ਪੰਘੂੜਾ ਰਿਹਾ ਝੂਲ, ਸਚ ਦੁਵਾਰਾ ਗਿਆ ਖੁੱਲ੍ਹ । ਸਚ ਸਿੰਘਾਸਣ ਹਰਿ ਬਿਰਾਜੇ ਨਾ ਕੋਈ ਪਾਵਾ ਨਾ ਕੋਈ ਚੂਲ, ਲੋਕਮਾਤ ਨਾ ਲਾਏ ਕੋਈ ਮੁੱਲ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਲੇਖਾ ਆਪ ਲਿਖਾਇਆ, ਭਰਮ ਭੁਲੇਖਾ ਦੂਰ ਕਰਾਇਆ, ਹਰਿਜਨ ਲੋਕਮਾਤ ਨਾ ਜਾਏ ਰੁਲ । (੧ ਚੇਤ ੨੦੧੨ ਬਿਕ੍ਰਮੀ )

ਹਰਿ ਜੋਤੀ ਮੇਲ ੧੭ ਹਾੜ ੨੦੧੨ ਬਿਕ੍ਰਮੀ

# ✳ सोहं महाराज शेर सिंघ विष्णू भगवान दी जै ✳

निहकलंक नरायण नर



महाराज शेर सिंघ विष्णू भगवान

हरि पुरख अगँम अगम्ड़ा, अगम्ड़ी कार । हड्ड मास नाड़ी ना कोई पिजंर ना कोई चमड़ा, जोती नूर इक आकार । माल धन धन माल ना कोई पल्ले दमड़ा, शब्द वस्त इक अपर अपार । गुरमुखां भारी करे कराए पलड़ा, सिर रख हथ समरत्थ करतार । लोकमात दर दवारे अगे खलड़ा, बीस इक्कीसा हरि जगदीसा चवियां अवतार । एका घर साचा सर पुरख अवनाशी मलड़ा, निहकलंक नरायण नर चिट्टे असव शब्द घोड़े हो असवार । शब्द घोड़ा हरि दातार । जुड़िया जोड़ा जोती निरंकार । लोकमात आए दौड़ा वेख विखाए मिठा कौड़ा, राज राजान शाह सुल्तान सच्च दरबार । पवण स्वासी घनकपुर वासी शाहो शाबाशी महाराज शेर सिंह विष्णू भगवान, नर हरि सच्ची सरकार । नर हरि नरायण नर निरंकारया । भगत भगवंत साध संत आदि अंत युगा युगंत बणाए बणत विच संसारया । मिले मेल प्रभ साचे कन्त, देवे दरस अगँम अपारया । जोती जोत सरूप हरि, गुरमुख हरि संत सुहेले इक अकेले शब्द डोरी नाल बंधा रिहा । शब्द डोरी बन्न करतार । लोकमात करे चोरी, कलयुग रैण अंधेर घोरी, गुरमुखां करे खबरदार । आप आपणे संग जाए तोरी, शब्द चाढ़े साची घोड़ी, पूरब करम रिहा विचार । जोती जोत सरूप हरि, लोकमात हरि जोत धर, गुरमुख साचे संत जनां, पहली चेत भाग लगाए मन्दर अन्दर काया खेत सच्चा बेड़ा कर तैयार । महाराज शेर सिंघ विष्णू भगवान, लख चुरासी फंद कटाए, अंतम जोती मेल मिलाए, मानस जन्म ना आए हार । पहली चेत चेतन चित । गुर संगत मेल मिलाए, पुरख अविनाशी साचा मित । सोहं शब्द तेल चढ़ाए, चौथे युग वेख विखाए साची थित । जोती जोत सरूप हरि, निहकलंक नरायण नर, जन भगतां देवे इक वर, आदि अन्त नित नवित । नित नवित चाल निराली। गुरमुख साचे संत जनां मानस देही लई जित, मिलया नर हरि सच्चा प्रितपाली। आपे मात आपे पित, दिवस रैण मधुरा बैणा, कवल नैणां घर साचे बहणा, करे सदा रखवार सच्चा माली । जोती जोत सरूप हरि, गुर संगत साचा साक सज्जन सैणा । भाई भैणां खोले बंद किवाड़ी सतारां हाढ़ी दरस दिखाए तीजे नैणां, पहली चेत कर तैयारी । महाराज शेर सिंघ विष्णू भगवान, निहकलंक नरायण नर, सत्युग साचे तेरी मात उपजाए गुर संगत सच्ची फुलवाड़ी । गुर संगत साचा फुल गया फुल । प्रभ आप चुकाए अगला पिछला मूल, भाग लगाए साची कुल । एका ओट रखाए कन्त कन्तूहल, पूरे तोल गई तुल । सोहं शब्द पंघूड़ा रिहा झूल, सच्च दवारा गया खुल्ल । सच्च सिघांसण हरि बिराजे ना कोई पावा ना कोई चूल, लोकमात ना लाए कोई मुल । जोती जोत सरूप हरि, निहकलंक नरायण नर, महाराज शेर सिंघ विष्णू भगवान, हरि संगत लेखा आप लिखाया, भरम भुलेखा दूर कराया, हरिजन लोकमात ना जाए रुल।

(१ चेत २०१२ बिक्रमी)

हरि जोती मेल १७ हाढ़ २०१२ बिक्रमी